**ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਿਟੀ (ਪੁੱਡਾ) ਦੀ ਵਿੱਤ ਅਤੇ ਲੇਖਾ ਕਮੇਟੀ ਦੀ ਮਿਤੀ 01.09.2010 ਨੂੰ ਹੋਈ 59ਵੀਂ ਮੀਟਿੰਗ ਦੀ ਕਾਰਵਾਈ।**

**ਮਿਤੀ 1.9.2010 ਨੂੰ ਸ਼੍ਰੀ ਪਰਕਾਸ਼ ਸਿੰਘ ਬਾਦਲ, ਮੁੱਖ ਮੰਤਰੀ ਪੰਜਾਬ ਦੀ ਪ੍ਰਧਾਨਗੀ ਹੇਠ ਪੁੱਡਾ ਦੀ ਵਿੱਤ ਅਤੇ ਲੇਖਾ ਕਮੇਟੀ ਦੀ 59ਵੀਂ ਮੀਟਿੰਗ ਹੋਈ।**

**ਇਸ ਮੀਟਿੰਗ ਵਿੱਚ ਹੇਠ ਅਨੁਸਾਰ ਮੈਂਬਰ ਵੀ ਸ਼ਾਮਿਲ ਸਨ :-**

| ਲੜੀ ਨੰ | ਅਧਿਕਾਰੀ ਦਾ ਨਾਮ ਅਤੇ ਅਹੁਦਾ | ਅਹੁਦਾ |
|---|---|---|
| 1. | ਸ਼੍ਰੀ ਐਸ. ਸੀ. ਅਗਰਵਾਲ, ਆਈ.ਏ.ਐਸ.<br>ਮੁੱਖ ਸਕੱਤਰ, ਪੰਜਾਬ | ਵਿਸ਼ੇਸ਼ ਮਹਿਮਾਨ |
| 2. | ਸ਼੍ਰੀ ਕੇ.ਬੀ.ਐਸ. ਸਿੱਧੂ, ਆਈ.ਏ.ਐਸ.<br>ਪ੍ਰਮੁੱਖ ਸਕੱਤਰ (ਵਿੱਤ), ਪੰਜਾਬ,<br>ਚੰਡੀਗੜ੍ਹ | ਮੈਂਬਰ |
| 3. | ਡਾ. ਐਸ.ਐਸ. ਸੰਧੂ, ਆਈ.ਏ.ਐਸ.<br>ਸਕੱਤਰ, ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ<br>ਵਿਭਾਗ, ਪੰਜਾਬ-ਕਮ- ਵਾਈਸ ਚੇਅਰਮੈਨ, ਪੁੱਡਾ | ਮੈਂਬਰ |
| 4. | ਸ਼੍ਰੀ ਸਰਵਜੀਤ ਸਿੰਘ, ਆਈ.ਏ.ਐਸ.<br>ਮੁੱਖ ਪ੍ਰਸ਼ਾਸਕ, ਪੁੱਡਾ, ਐਸ.ਏ.ਐਸ. ਨਗਰ | ਮੈਂਬਰ |

**ਮੀਟਿੰਗ ਵਿੱਚ ਹੇਠ ਦਰਸਾਏ ਗਏ ਲੜੀਵਾਰ ਅਜੰਡਾ ਆਈਟਮ ਵਿਚਾਰੇ ਗਏ :-**

***ਅਜੰਡਾ ਆਈਟਮ ਨੰ: 59.01***

**ਵਿਸ਼ਾ :** **ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਿਟੀ ਦੀ ਵਿੱਤ ਤੇ ਲੇਖਾ ਕਮੇਟੀ ਦੀ 58ਵੀਂ ਮੀਟਿੰਗ ਦੀ ਕਾਰਵਾਈ ਦੀ ਪੁਸ਼ਟੀ ਕਰਨ ਬਾਰੇ।**

ਕਾਰਵਾਈ ਦੀ ਪੁਸ਼ਟੀ ਕੀਤੀ ਗਈ।

***ਅਜੰਡਾ ਆਈਟਮ ਨੰ: 59.02***

**ਵਿਸ਼ਾ :** **ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਿਟੀ ਦੀ ਵਿੱਤ ਤੇ ਲੇਖਾ ਕਮੇਟੀ ਦੀ ਮਿਤੀ 16-04-2010 ਨੂੰ ਹੋਈ 58ਵੀਂ ਮੀਟਿੰਗ ਵਿੱਚ ਲਏ ਗਏ ਫੈਸਲਿਆਂ ਬਾਰੇ ਕੀਤੀ ਗਈ ਕਾਰਵਾਈ ਬਾਰੇ ਮੱਦ ਵਾਰ ਵਿਵਰਣ।**

ਪਿਛਲੀ ਮੀਟਿੰਗ ਵਿੱਚ ਹੋਏ ਫੈਸਲਿਆਂ ਤੇ ਕੀਤੀ ਗਈ ਕਾਰਵਾਈ ਨੂੰ ਨੋਟ ਕੀਤਾ ਗਿਆ ਅਤੇ ਤਸੱਲੀ ਪ੍ਰਗਟਾਈ ਗਈ।

***ਅਜੰਡਾ ਆਈਟਮ ਨੰ: 59.03***

**ਵਿਸ਼ਾ :** **ਸ਼ਹਿਰੀ ਮਿਲਖ ਗੁਰਦਾਸਪੁਰ ਵਿਖੇ ਰਿਹਾਇਸ਼ੀ ਪਲਾਟਾਂ ਦੇ ਰੇਟ ਨਿਰਧਾਰਤ ਕਰਨ ਬਾਰੇ ।**

ਮੱਦ ਵਿੱਚ ਦਿੱਤੇ ਗਏ ਪ੍ਰਸਤਾਵ ਅਨੁਸਾਰ ਕਮੇਟੀ ਵਲੋਂ ਸ਼ਹਿਰੀ ਮਿਲਖ ਗੁਰਦਾਸਪੁਰ ਵਿਖੇ ਰਿਹਾਇਸ਼ੀ ਪਲਾਟਾਂ ਲਈ ਰੇਟ 5,000 ਰੁਪਏ ਪ੍ਰਤੀ ਵਰਗ ਗੱਜ ਨਿਰਧਾਰਤ ਕਰਨ ਦੀ ਪ੍ਰਵਾਨਗੀ ਦਿੱਤੀ ਗਈ ਅਤੇ ਇਹ ਆਦੇਸ਼ ਵੀ ਦਿੱਤੇ ਗਏ ਕਿ ਇਸ ਸਕੀਮ ਨੂੰ ਇੱਕ ਮਹੀਨੇ ਵਿੱਚ ਲਾਂਚ ਕੀਤਾ ਜਾਵੇਗਾ।

***ਅਜੰਡਾ ਆਈਟਮ ਨੰ: 59.04***

**ਵਿਸ਼ਾ :** **ਦੰਗਾ ਪੀੜਤਾਂ ਨੂੰ ਪਟਿਆਲਾ ਵਿਖੇ 200 ਬੂਥ ਸਾਈਟਾਂ ਦੀ ਅਲਾਟਮੈਂਟ ਕਰਨ ਲਈ ਅਰਜੀਆਂ ਮੰਗਣ ਲਈ ਸਰਤਾਂ ਦੀ ਪ੍ਰਵਾਨਗੀ ਸਬੰਧੀ।!**

ਮੱਦ ਵਿੱਚ ਦਿੱਤੇ ਗਏ ਪ੍ਰਸਤਾਵ ਨੂੰ ਕਮੇਟੀ ਵਲੋਂ ਪ੍ਰਵਾਨਗੀ ਦਿੱਤੀ ਗਈ ਅਤੇ ਇਹ ਮਹਿਸੂਸ ਕੀਤਾ ਗਿਆ ਕਿ ਸਿੱਖ ਦੰਗਾ ਪੀੜਤਾਂ ਨੂੰ ਬੂਥ ਦੀ ਅਲਾਟਮੈਂਟ ਕਰਨ ਸਬੰਧੀ ਲਗਾਈ ਗਈ ਇਹ ਸ਼ਰਤ ਕਿ ਇਹ ਬੂਥ ਅਲਾਟਮੈਂਟ ਪੱਤਰ ਜਾਰੀ ਹੋਣ ਦੀ ਮਿਤੀ ਤੋਂ 10 ਸਾਲ ਟਰਾਂਸਫਰ/ਸੇਲ ਕਰਨ ਯੋਗ ਨਹੀਂ ਹੋਵੇਗਾ, ਬਾਰੇ ਨਰਮੀ ਨਾਲ ਵਿਚਾਰ ਕੀਤਾ ਜਾਣਾ ਚਾਹੀਦਾ ਹੈ। ਇਸ ਨੂੰ ਛੋਟ ਦੇਣ ਲਈ ਮਾਲ ਵਿਭਾਗ ਨੂੰ ਲਿਖਣਾ ਯੋਗ ਹੋਵੇਗਾ।

**ਸਪਲੀਮੈਂਟਰੀ ਅਜੰਡਾ ਨੰ: 1**

***ਅਜੰਡਾ ਆਈਟਮ ਨੰ: 59.05***

**ਵਿਸ਼ਾ :** **ਪਟਿਆਲਾ ਅਰਬਨ ਅਸਟੇਟ ਵਿਖੇ ਧਾਰਮਿਕ ਸਾਈਟਾਂ ਦੀ ਲੀਜ ਆਧਾਰ ਤੇ ਅਲਾਟਮੈਂਟ ਕਰਨ ਸਬੰਧੀ ।**

ਮੱਦ ਵਿੱਚ ਦਿੱਤੀ ਗਈ ਤਜਵੀਜ ਨੂੰ ਪ੍ਰਵਾਨਗੀ ਦਿੱਤੀ ਗਈ।

***ਅਜੰਡਾ ਆਈਟਮ ਨੰ: 59.06***

**ਵਿਸ਼ਾ :** **ਰਿਹਾਇਸ਼ੀ ਪਲਾਟਾਂ ਦੇ ਰੇਟਾਂ ਦੇ ਅਧਾਰ ਤੇ ਨਿਰਧਾਰਤ ਕੀਤੇ ਗਏ ਇੰਸਟੀਚਿਊਸ਼ਨਲ ਸਾਈਟਾਂ ਦੇ ਰੇਟਾਂ ਦੀ ਪੁਸ਼ਟੀ ਬਾਰੇ।**

ਕਮੇਟੀ ਵਲੋਂ ਵੱਖ ਵੱਖ ਸ਼ਹਿਰੀ ਮਿਲਖਾਂ ਦੇ ਇੰਸਟੀਚਿਊਸ਼ਨਲ ਸਾਈਟਾਂ ਦੇ ਰੇਟਾਂ ਦੀ ਪੁਸ਼ਟੀ ਕਰਦੇ ਹੋਏ ਇਹ ਮਹਿਸੂਸ ਕੀਤਾ ਗਿਆ ਕਿ ਪਿਛਲੀ ਮੀਟਿੰਗ ਦੌਰਾਨ ਕਪੂਰਥਲਾ ਸ਼ਹਿਰੀ ਮਿਲਖ ਵਿਖੇ ਰਿਹਾਇਸ਼ੀ ਪਲਾਟਾਂ ਦੇ ਨਿਰਧਾਰਤ ਰੇਟ 4700 ਰੁਪਏ ਪ੍ਰਤੀ ਵਰਗ ਗੱਜ ਨੂੰ ਸੋਧ ਕਰਕੇ 6000 ਰੁਪਏ ਪ੍ਰਤੀ ਵਰਗ ਗੱਜ ਨਿਰਧਾਰਤ ਕੀਤਾ ਜਾਵੇ। ਇਸ ਅਨਸਾਰ ਤਜਵੀਜ਼ਤ ਕੀਤੇ ਰੇਟਾਂ ਵਿੱਚ ਵੀ ਕਪੂਰਥਲਾ ਸ਼ਹਿਰੀ ਮਿਲਖ ਸਬੰਧੀ ਸੰਸਥਾਵਾਂ ਦੇ ਪਲਾਟਾਂ ਦੇ ਰੇਟ ਵੀ ਪਾਲਿਸੀ ਅਨੁਸਾਰ ਸੋਧੇ ਜਾਂਦੇ ਹਨ।

ਇਸ ਤੋਂ ਇਲਾਵਾ ਇਹ ਵੀ ਮਹਿਸੂਸ ਕੀਤਾ ਗਿਆ ਕਿ ਰਾਜ ਵਿੱਚ ਹਸਪਤਾਲ ਅਤੇ ਨਰਸਿੰਗ ਹੋਮਜ ਦੀਆਂ ਸਾਈਟਾਂ ਖਾਲੀ ਹਨ। ਇਸ ਸਬੰਧੀ ਵੱਖ ਵੱਖ ਅਥਾਰਿਟੀਆਂ ਨੂੰ ਆਦੇਸ਼ ਜਾਰੀ ਕੀਤੇ ਜਾਣ ਕਿ ਸਰਕਾਰ ਦੀ ਪਾਲਿਸੀ ਅਨੁਸਾਰ ਇੱਕ ਮਹੀਨੇ ਦੇ ਅੰਦਰ ਅੰਦਰ ਅਖਬਾਰਾਂ ਵਿੱਚ ਵਿਗਿਆਪਨ ਦਿੱਤੇ ਜਾਣ ਤਾਂ ਜੋ ਰਾਜ ਦੀ ਜਨਤਾ ਨੂੰ ਚੰਗੀਆਂ ਸਿਹਤ ਪੱਖੀ ਸਹੂਲਤਾਂ ਪ੍ਰਦਾਨ ਕੀਤੀਆਂ ਜਾ ਸਕਣ।

*ਮੀਟਿੰਗ ਧੰਨਵਾਦ ਸਹਿਤ ਖਤਮ ਕੀਤੀ ਗਈ ।*

**ਪਰਕਾਸ਼ ਸਿੰਘ ਬਾਦਲ**
**ਮੁੱਖ ਮੰਤਰੀ, ਪੰਜਾਬ-ਕਮ-**
**ਚੇਅਰਮੈਨ, ਪੁੱਡਾ ।**